# ਕੀ ਤੁਹਾਨੂੰ ਮੁਫ਼ਤ ਕਾਨੂੰਨੀ ਸਹਾਇਤਾ ਦੀ ਲੋੜ ਹੈ ?

# ਜ਼ਿਲ੍ਹਾ ਕਾਨੂੰਨੀ ਸੇਵਾਵਾਂ ਅਥਾਰਟੀ

## ਸ੍ਰੀ ਮੁਕਤਸਰ ਸਾਹਿਬ

1) ਕੀ ਤੁਹਾਨੂੰ ਕਿਸੇ ਕਾਨੂੰਨੀ ਸਲਾਹ ਦੀ ਲੋੜ ਹੈ ? ਜੇ ਹਾਂ ਤਾਂ ਇਸ ਸਬੰਧੀ ਜ਼ਿਲ੍ਹਾ ਕਚਹਿਰੀ ਕੰਪਲੈਕਸ, ਸ੍ਰੀ ਮੁਕਤਸਰ ਸਾਹਿਬ/ਮਲੋਟ/ਗਿੱਦੜਬਾਹਾ ਵਿਖੇ ਸਥਾਪਿਤ ਕਿਸੇ ਵੀ ਫਰੰਟ ਆਫ਼ਿਸ ਵਿਚ ਸੰਪਰਕ ਕੀਤਾ ਜਾ ਸਕਦਾ ਹੈ।

2) ਕੀ ਤੁਹਾਨੂੰ ਕੋਰਟ ਵਿਚ ਕੇਸ ਦਰਜ਼ ਕਰਨ ਲਈ ਮੁਫ਼ਤ ਕਾਨੂੰਨੀ ਸਹਾਇਤਾ ਦੀ ਲੋੜ ਹੈ?

3) ਕੀ ਤੁਹਾਨੂੰ ਪਤਾ ਹੈ ਕਿ ਤੁਹਾਨੂੰ ਕੇਸ ਲੜਨ ਲਈ ਸਰਕਾਰ ਵੱਲੋਂ ਕਾਨੂੰਨੀ ਸਹਾਇਤਾ ਅਤੇ ਵਕੀਲ ਮੁਫ਼ਤ ਮਿਲ ਸਕਦਾ ਹੈ।

4) ਕੀ ਤੁਹਾਨੂੰ ਪਤਾ ਹੈ ਕਿ ਅਦਾਲਤਾਂ ਵਿਚ ਚੱਲ ਰਹੇ ਝਗੜੇ ਦਾ ਨਿਪਟਾਰਾ ਵਿਚੋਲਗਿਰੀ(ਮੀਡੀਏਸ਼ਨ) ਰਾਹੀਂ ਵੀ ਰਾਜ਼ੀਨਾਮਾ ਕਰਵਾ ਸਕਦੇ ਹੋ?

5) ਕੀ ਤੁਹਾਨੂੰ ਪਤਾ ਹੈ ਕਿ ਜੇਕਰ ਤੁਹਾਡਾ ਕੋਈ ਕੇਸ ਅਦਾਲਤ ਵਿਚ ਚੱਲ ਰਿਹਾ ਹੋਵੇ ਤਾਂ ਉਸ ਦਾ ਨਿਪਟਾਰਾ ਲੱਗ ਰਹੀਆਂ ਲੋਕ-ਅਦਾਲਤਾਂ ਵਿੱਚ ਵੀ ਕਰਵਾਇਆ ਜਾ ਸਕਦਾ ਹੈ।

6) ਕੀ ਤੁਹਾਨੂੰ ਅਪਰਾਧ ਪੀੜ੍ਹਤਾ ਸਕੀਮ ਸਬੰਧੀ ਪਤਾ ਹੈ ? ਪੰਜਾਬ ਅਪਰਾਧ ਪੀੜਿਤ ਸਕੀਮ 2017 ਅਤੇ ਨਾਲਸਾ ਸਕੀਮ 2018 ਦਾ ਲਾਭ ਲੈਣ ਲਈ ਫਰੰਟ ਆਫਿਸ ਵਿਖੇ ਇਸ ਸਬੰਧੀ ਜਾਣਕਾਰੀ ਲੈ ਸਕਦੇ ਹੋ।

7) ਜੇਕਰ ਆਪ ਦਾ ਕੋਈ ਵੀ ਝਗੜਾ ਜ਼ੋ ਕਿ ਅਦਾਲਤ ਵਿਚ ਅੱਜ ਤੱਕ ਕੋਈ ਵੀ ਕੇਸ ਨਾ ਕੀਤਾ ਹੋਵੇ ਉਸ ਸਬੰਧੀ ਵੀ ਆਪਣੇ ਝਗੜੇ ਦਾ ਪ੍ਰੀ-ਲਿਟੀਗੇਸ਼ਨ ਜਿਵੇਂ ਸਧਾਰਨ ਦਰਖਾਸਤ ਦੇ ਕੇ ਵੀ ਝਗੜੇ ਦਾ ਨਿਪਟਾਰਾ ਕਰਵਾ ਸਕਦੇ ਹੋ।

8) ਜੇਕਰ ਕੋਈ ਵੀ ਕਾਨੂੰਨੀ ਸਹਾਇਤਾ ਜਾਂ ਸਲਾਹ-ਮਸ਼ਵਰਾ ਲੈਣ ਸਬੰਧੀ ਫੋਨ ਨੰਬਰ 01633-261124 ਦੇ ਦਫ਼ਤਰੀ ਨੰਬਰ ਅਤੇ ਨਾਲਸਾ ਦੇ ਕਾਨੂੰਨੀ ਸਹਾਇਤਾ ਹੈਲਪ ਲਾਈਨ ਨੰਬਰ 15100 ਉੱਪਰ ਸਹਾਇਤਾ ਲਈ ਸੰਪਰਕ ਕੀਤਾ ਜਾ ਸਕਦਾ ਹੈ।

ਨਾਲਸਾ/ਪੰਜਾਬ ਰਾਜ ਕਾਨੂੰਨੀ ਸੇਵਾਵਾਂ ਅਥਾਰਟੀ ਦੀ ਸਰਪ੍ਰਸਤੀ ਹੇਠ ਕਾਨੂੰਨੀ ਸਹਾਇਤਾ ਦੇ ਹੱਕਦਾਰ ਕੌਣ ਹਨ?

- ਅਨੁਸੂਚਿਤ ਜਾਤੀ/ਅਨੁਸੂਚਿਤ ਕਬੀਲੇ ਦੇ ਮੈਂਬਰ
- ਉਦਯੋਗਿਕ ਕਾਮੇ
- ਵੱਡੀ ਮੁਸੀਬਤ/ਕੁਦਰਤੀ ਆਫ਼ਤਾਂ ਦੇ ਮਾਰੇ
- ਬੇਗਾਰ ਦਾ ਮਾਰਿਆ
- ਜੇਲ੍ਹਾਂ ਵਿਚ ਬੰਦ ਹਵਾਲਾਤੀ ਅਤੇ ਕੈਦੀ/ਹਿਰਾਸਤ ਵਿਚ ਵਿਅਕਤੀ
- ਮਾਨਸਿਕ ਰੋਗੀ/ਦਿਵਿਆਂਗ ਵਿਅਕਤੀ
- ਮਨੁੱਖੀ ਤਸਕਰੀ ਦੇ ਸ਼ਿਕਾਰ ਵਿਅਕਤੀ ਜਾਂ ਭਿਖਾਰੀ
- ਇਸਤਰੀ ਜਾਂ ਬੱਚਾ
- ਹਰ ਉਹ ਵਿਅਕਤੀ ਜਿਸਦੀ ਸਲਾਨਾ ਆਮਦਨ 3,00,000/- ਰੁਪਏ ਤੋਂ ਵੱਧ ਨਾ ਹੋਵੇ।

ਕਾਨੂੰਨੀ ਸਹਾਇਤਾ ਲੈਣ ਲਈ ਲਿਖਤੀ ਦਰਖਾਸਤ ਨਿਰਧਾਰਤ ਪ੍ਰੋਫਾਰਮੇ ਤੇ (ਜੋ ਕਿ ਅਥਾਰਟੀ ਵੱਲੋਂ ਮੁਫ਼ਤ ਮੁਹੱਈਆ ਕਰਵਾਇਆ ਜਾਂਦਾ ਹੈ) ਸੰਬੰਧਤ ਕਾਨੂੰਨੀ ਸੇਵਾਵਾਂ ਸੰਸਥਾ ਦੇ ਫਰੰਟ ਆਫ਼ਿਸ ਵਿਖੇ ਪੇਸ਼ ਕੀਤੀ ਜਾ ਸਕਦੀ ਹੈ।

**ਇਹ ਦਰਖਾਸਤ ਨਾਲਸਾ ਦੀ ਅਧਿਕਾਰਤ ਮੋਬਾਇਲ ਐਪ NALSA: Legal Services" ਰਾਹੀਂ ਜਾਂ ਨਾਲਸਾ ਪੋਰਟਲ https:nalsa.gov.in/Isams/ ਰਾਹੀਂ ਆਨਲਾਈਨ ਵੀ ਦਾਇਰ ਕੀਤੀ ਜਾ ਸਕਦੀ ਹੈ ।**

## ਲੱਗਣ ਵਾਲੀਆਂ ਨੈਸ਼ਨਲ ਲੋਕ ਅਦਾਲਤਾਂ ਦੀਆਂ ਮਿਤੀਆਂ ਅਤੇ ਉਨ੍ਹਾਂ ਦੇ ਲਾਭ

**ਨਾਲਸਾ/ਪੰਜਾਬ ਰਾਜ ਕਾਨੂੰਨੀ ਸੇਵਾਵਾਂ ਅਥਾਰਟੀ, ਐੱਸ.ਏ.ਐੱਸ. ਨਗਰ ਮੋਹਾਲੀ ਜੀ ਦੀਆਂ ਹਦਾਇਤਾਂ ਅਨੁਸਾਰ ਸਾਲ 2024 ਵਿਚ ਨੈਸ਼ਨਲ ਲੋਕ ਅਦਾਲਤਾਂ ਦਾ ਆਯੋਜਨ ਕੀਤਾ ਜਾ ਰਿਹਾ ਹੈ।**

(1) ਤੀਸਰੀ ਨੈਸ਼ਨਲ ਲੋਕ ਅਦਾਲਤ ਮਿਤੀ 14.09.2024 (2) ਚੌਥੀ ਨੈਸ਼ਨਲ ਲੋਕ ਅਦਾਲਤ ਮਿਤੀ 14.12.2024

ਹਰ ਉਹ ਵਿਅਕਤੀ ਜਿਸ ਦਾ ਅਦਾਲਤ ਵਿਚ ਕੇਸ ਲੰਬਿਤ/ ਚੱਲਦਾ ਹੈ ਅਤੇ ਲੋਕ ਅਦਾਲਤ ਰਾਹੀਂ ਸਮਝੌਤਾ ਕਰਵਾਉਣ ਦਾ ਇੱਛਕ ਹੈ, ਇਸ ਸਬੰਧੀ ਦਰਖਾਸਤ ਸਬੰਧਤ ਅਦਾਲਤ ਦੇ ਜੱਜ ਸਾਹਿਬ ਨੂੰ ਪੇਸ਼ ਕਰ ਸਕਦਾ ਹੈ ਜੇਕਰ ਕੇਸ ਅਦਾਲਤ ਵਿਚ ਲੰਬਿਤ ਹੈ ਜਾਂ ਨਹੀਂ ਹੈ ਤਾਂ ਉਹ (ਪ੍ਰੀ ਲਿਟੀਗੇਟਿਵ ਸਟੇਜ) ਤੇ ਅਜਿਹੇ ਮਸਲਿਆਂ ਸਬੰਧੀ ਦਰਖਾਸਤ ਸਕੱਤਰ, ਜ਼ਿਲ੍ਹਾ ਕਾਨੂੰਨੀ ਸੇਵਾਵਾਂ ਅਥਾਰਟੀ ਜਾਂ ਚੇਅਰਮੈਨ ਉਪ ਮੰਡਲ ਕਾਨੂੰਨੀ ਸੇਵਾਵਾਂ ਕਮੇਟੀ ਨੂੰ ਦਿੱਤੀ ਜਾ ਸਕਦੀ ਹੈ। ਲੋਕ ਅਦਾਲਤਾਂ ਵਿਚ ਫੈਸਲਾ ਹੋਣ ਉਪਰੰਤ ਕੇਸ ਵਿਚ ਲੱਗੀ ਕੋਰਟ ਫੀਸ ਵੀ ਵਾਪਿਸ ਮਿਲ ਜਾਂਦੀ ਹੈ ਤੇ ਇਸ ਫੈਸਲੇ ਦੇ ਖਿਲਾਫ਼ ਕੋਈ ਅਪੀਲ ਨਹੀਂ ਹੁੰਦੀ ।

## ਵਿਚੋਲਗਿਰੀ ਰਾਹੀਂ ਝਗੜੇ ਮੁਕਾਓ ਪਿਆਰ ਵਧਾਓ

ਜੇਕਰ ਕਿਸੇ ਵਿਅਕਤੀ ਦਾ ਅਦਾਲਤੀ ਕੇਸ ਚੱਲਦਾ ਹੈ ਉਹ ਆਪਣੇ ਝਗੜੇ ਦਾ ਮੀਡਿਏਸ਼ਨ (ਵਿਚੋਲਗਿਰੀ) ਰਾਹੀਂ ਕੇਸ ਦਾ ਫੈਸਲਾ ਕਰਵਾਉਣਾ ਚਾਹੁੰਦਾ ਹੈ ਤਾਂ ਉਹ ਆਪਣਾ ਕੇਸ ਅਦਾਲਤ ਵਿਚ ਦਰਖਾਸਤ ਦੇ ਕੇ ਜ਼ਿਲ੍ਹਾ ਕਾਨੂੰਨੀ ਸੇਵਾਵਾਂ ਅਥਾਰਟੀ ਵੱਲੋਂ ਨਵ ਨਿਯੁਕਤ ਜੁਡੀਸ਼ੀਅਲ ਅਫ਼ਸਰ ਮੀਡਿਏਟਰ ਅਤੇ ਵਕੀਲ ਮੀਡਿਏਟਰ ਰਾਹੀਂ ਵੀ ਝਗੜੇ ਦਾ ਨਿਪਟਾਰਾ ਕਰਵਾ ਸਕਦੇ ਹੋ। ਵਿਚੋਲਗੀ ਧਿਰਾਂ ਨੂੰ ਆਪਣੀ ਗੱਲਬਾਤ ਕਰਨ ਦਾ ਮੌਕਾ ਦਿੰਦੀ ਹੈ ਅਤੇ ਉਨ੍ਹਾਂ ਦੀ ਪੂਰਨ ਤੌਰ ਤੇ ਸਵੈ-ਇੱਛਤ/ ਮਨਮਰਜੀ ਦੀ ਪ੍ਰਕਿਰਿਆ ਨਾਲ ਸਮਝੋਤਾ ਹੁੰਦਾ ਹੈ ਵਿਚੋਲਗਿਰੀ ਦੇ ਆਧਾਰ ਤੇ ਝਗੜੇ ਦਾ ਨਿਪਟਾਰਾ ਹੋਣ ਉਪਰੰਤ ਮੁੱਦਈ ਕੋਰਟ ਫੀਸ ਐਕਟ, 1870 ਦੀ ਧਾਰਾ 16 ਤਹਿਤ ਕੋਰਟ ਫੀਸ ਵਾਪਿਸ ਲੈਣ ਦਾ ਹੱਕਦਾਰ ਹੋਵੇਗਾ।

## ਪੰਜਾਬ ਅਪਰਾਧ ਪੀੜ੍ਹਤ ਮੁਆਵਜ਼ਾ ਸਕੀਮ, 2017

ਇਸ ਸਕੀਮ ਤਹਿਤ ਧਾਰਾ 357-ਏ ਸੀ.ਆਰ.ਪੀ.ਸੀ. ਅਧੀਨ ਪੀੜ੍ਹਤ ਮੁਆਵਜ਼ਾ ਕਮੇਟੀ ਦਾ ਹਰ ਜ਼ਿਲ੍ਹਾ ਪੱਧਰ ਅਤੇ ਰਾਜ ਪੱਧਰ ਤੇ ਗਠਨ ਕੀਤਾ ਗਿਆ ਹੈ। ਇਸ ਧਾਰਾ ਅਨੁਸਾਰ ਅਪਰਾਧ ਪੀੜ੍ਹਤ ਜਾਂ ਉਸ ਦੇ ਨਿਰਭਰ ਵਿਅਕਤੀ, ਆਪਣਾ ਮੁਆਵਜ਼ਾ ਅਪਰਾਧ ਤੋਂ ਤਿੰਨ ਸਾਲ ਦੇ ਅੰਦਰ-ਅੰਦਰ ਜਿਲ੍ਹਾ ਕਾਨੂੰਨੀ ਸੇਵਾਵਾਂ ਅਥਾਰਟੀ ਤੋਂ ਮੰਗ ਕਰ ਸਕਦਾ ਹੈ।

## ਮੁਆਵਜੇ ਦੇ ਹੱਕਦਾਰ ਕੌਣ ਹਨ

ਜੇਕਰ ਅਪਰਾਧ ਪੀੜ੍ਹਤ ਜਾਂ ਉਸ ਤੇ ਨਿਰਭਰ ਵਿਅਕਤੀ ਹੇਠ ਲਿਖੇ ਮਾਪਦੰਡ ਪੂਰੇ ਕਰਦੇ ਹਨ, ਤਾਂ ਉਹ ਮੁਆਵਜ਼ੇ ਦੇ ਹੱਕਦਾਰ ਹਨ। ਅਜਿਹੇ ਵਿਅਕਤੀ ਨੂੰ ਕੇਂਦਰ/ ਰਾਜ ਸਰਕਾਰ, ਬੀਮਾ ਕੰਪਨੀ ਜਾਂ ਕਿਸੇ ਹੋਰ ਸੰਸਥਾ ਤੋਂ ਕਿਸੇ ਵੀ ਸਕੀਮ ਤਹਿਤ ਮੁਆਵਜ਼ਾ ਨਾ ਮਿਲਿਆ ਹੋਵੇ। ਜਿੱਥੇ ਦੋਸ਼ੀ ਪਛਾਣਿਆ/ਲੱਭਿਆ ਨਾ ਗਿਆ ਹੋਵੇ ਅਤੇ ਸੁਣਵਾਈ ਨਾ ਹੋਈ ਹੋਵੇ, ਪਰ ਪੀੜ੍ਹਤ ਪਛਾਣਿਆ ਗਿਆ ਹੋਵੇ ਅਤੇ ਪੀੜ੍ਹਤ ਨੇ ਸਰੀਰਕ ਅਤੇ ਮਾਨਸਿਕ ਮੁੜ ਵਸੇਬੇ ਲਈ ਕਾਫੀ ਖਰਚਾ ਕੀਤਾ ਹੋਵੇ। ਜਿੱਥੇ ਮਾਣਯੋਗ ਅਦਾਲਤ ਵੱਲੋਂ ਮੁਆਵਜ਼ੇ ਸਬੰਧੀ ਸਿਫਾਰਿਸ਼ ਕੀਤੀ ਗਈ ਹੋਵੇ। ਕਿਹੜੇ ਅਪਰਾਧਾਂ ਵਿਚ ਮੁਆਵਜ਼ਾ ਮਿਲ ਸਕਦਾ ਹੈ?

| ਲੜੀ ਨੰ: | ਨੁਕਸਾਨ ਜਾਂ ਸੱਟ ਦਾ ਬਿਉਰਾ | ਲੜੀ ਨੰ: | ਨੁਕਸਾਨ ਜਾਂ ਸੱਟ ਦਾ ਬਿਉਰਾ |
|---|---|---|---|
| 1 | ਮੌਤ | 8 | ਅੰਸ਼ਿਕ ਅਪੰਗਤਾ (40% ਤੋਂ 80%) |
| 2 | ਬਲਾਤਕਾਰ | 9 | ਤੇਜ਼ਾਬੀ ਹਮਲੇ ਦੇ ਪੀੜ੍ਹਤ |
| 3 | ਬਲਾਤਕਾਰ ਦੇ ਨਾਲ ਕਤਲ | 10 | ਤੇਜ਼ਾਬੀ ਹਮਲੇ ਕਾਰਨ ਮੌਤ |
| 4 | ਮਨੁੱਖੀ ਤਸਕਰੀ ਦੇ ਪੀੜ੍ਹਤ | 11 | ਤੇਜ਼ਾਬੀ ਹਮਲੇ ਦੇ ਪੀੜ੍ਹਤ ਨੂੰ ਡਾਕਟਰੀ ਖਰਚੇ ਦੀ |
| 5 | ਬੱਚਿਆਂ ਦੇ ਸੌਸ਼ਣ | 12 | ਪ੍ਰਤੀਪੂਰਤੀ |
| 6 | ਸਰੀਰਕ ਛੇੜ-ਛਾੜ (ਬਲਾਤਕਾਰ ਤੋਂ ਇਲਾਵਾ) | 13 | 25% ਤੋਂ ਜ਼ਿਆਦਾ ਜਲਣਾ (ਤੇਜ਼ਾਬੀ ਹਮਲੇ ਤੋਂ ਇਲਾਵਾ) |
| 7 | ਸਥਾਈ ਅਪੰਗਤਾ (80% ਤੋਂ ਜ਼ਿਆਦਾ) | 14 | ਭਰੂਣ ਜਾਂ ਜਣਨ ਸ਼ਕਤੀ ਦਾ ਨੁਕਸਾਨਭਰੂਣ ਜਾਂ ਜਣਨ ਸ਼ਕਤੀ ਦਾ ਨੁਕਸਾਨ |

ਕਾਰਜਕਾਰੀ ਚੇਅਰਮੈਨ, ਪੰਜਾਬ ਰਾਜ ਕਾਨੂੰਨੀ ਸੇਵਾਵਾਂ ਅਥਾਰਟੀ ਜੀਆਂ ਦੇ ਦਿਸ਼ਾ-ਨਿਰਦੇਸ਼ਾਂ ਅਨੁਸਾਰ ਨਸ਼ੇ ਦਾ ਸੇਵਨ ਨਾ ਕਰਨ ਸਬੰਧੀ ਲੋਕਾਂ ਨੂੰ ਜਾਗਰੁਕ ਕਰਨ ਲਈ ਮਿਤੀ 05.09.2024 ਤੋਂ 31.10.2024 ਤੱਕ ਕੈਂਪੇਨ ਚਲਾਈ ਜਾ ਰਹੀ ਹੈ। ਜਿਸ ਵਿਚ ਸਮਾਜਸੇਵੀ ਸੰਸਥਾਵਾਂ ਅਤੇ ਪੈਰਾ ਲੀਗਲ ਵਲੰਟੀਅਰਜ਼ ਦੀ ਸਹਾਇਤਾ ਨਾਲ ਜਿਹੜੇ ਲੋਕ ਨਸ਼ੇ ਦੇ ਸ਼ਿਕਾਰ ਹਨ, ਉਨ੍ਹਾਂ ਨੂੰ ਹਸਪਤਾਲ ਦੇ ਜੇਰੇ ਇਲਾਜ ਲਈ ਦਾਖਲ ਕਰਵਾਉਣ ਵਿਚ ਸਹਾਇਤਾ ਕਰਨਗੇ ਅਤੇ ਨਸ਼ਾ ਨਾ ਕਰਨ ਸਬੰਧੀ ਵੀ ਜਾਗਰੁਕ ਕੀਤਾ ਜਾਵੇਗਾ।

## ਕਾਨੂੰਨੀ ਸਹਾਇਤਾ ਅਤੇ ਜਾਣਕਾਰੀ ਲਈ ਸੰਪਰਕ ਕਰੋ :

**ਰਾਜ ਪੱਧਰ ਤੇ**
ਮੈਂਬਰ ਸਕੱਤਰ, ਪੰਜਾਬ ਰਾਜ ਕਾਨੂੰਨੀ ਸੇਵਾਵਾਂ ਅਥਾਰਟੀ,
ਸਾਈਟ ਨੰ 126, ਸਾਹਮਣੇ ਗਮਾਡਾ ਕੰਮਿਊਨਿਟੀ ਸੈਂਟਰ,
ਸੈਕਟਰ 69, ਸਾਹਿਬਜਾਦਾ ਅਜੀਤ ਸਿੰਘ ਨਗਰ (ਮੋਹਾਲੀ)
ਫੋਨ ਨੰ: 0172-2216690,2216750
ਈ-ਮੇਲ: ms@punjab.gov.in
ਵੈਬਸਾਈਟ: www.pulsa.punjab.gov.in

**ਨਾਲਸਾ /ਪੰਜਾਬ ਰਾਜ ਕਾਨੂੰਨੀ ਸਹਾਇਤਾ ਹੈਲਪ ਲਾਈਨ ਨੰ: 15100**

**ਜ਼ਿਲ੍ਹਾ ਪੱਧਰ ਤੇ**
- ਜ਼ਿਲ੍ਹਾ ਅਤੇ ਸੈਸ਼ਨਜ਼ ਜੱਜ-ਸਹਿਤ-ਚੇਅਰਮੈਨ, ਜ਼ਿਲ੍ਹਾ ਕਾਨੂੰਨੀ ਸੇਵਾਵਾਂ ਅਥਾਰਟੀ, ਸ੍ਰੀ ਮੁਕਤਸਰ ਸਾਹਿਬ
- ਸੀ.ਜੇ.ਐਮ.-ਸਹਿਤ-ਸਕੱਤਰ, ਜ਼ਿਲ੍ਹਾ ਕਾਨੂੰਨੀ ਸੇਵਾਵਾਂ ਅਥਾਰਟੀ, ਸ੍ਰੀ ਮੁਕਤਸਰ ਸਾਹਿਬ
ਫੋਨ ਨੰ: 01633-261124
ਈ-ਮੇਲ : dlsa.mksr@punjab.gov.in